# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.), ਬਠਿੰਡਾ।

ਸੇਵਾ ਵਿਖੇ,

ਪ੍ਰਿੰਸੀਪਲ/ਬੀ.ਪੀ.ਈ.ਓਜ਼/ਮੁੱਖਅਧਿਆਪਕ/ਸਕੂਲ ਮੁਖੀ,
ਸਮੂਹ ਸਰਕਾਰੀ/ਆਦਰਸ਼/ਮਾਡਲ/ਏਡਿਡ/ਪ੍ਰਇਵੇਟ/ਜੈ.ਐਨ.ਵੀ,ਮੈਰੀਟੋਰੀਅਸ,
ਪ੍ਰਾਇਮਰੀ/ਮਿਡਲ/ਹਾਈ/ਸੀ.ਸੈ. ਸਕੂਲ,
ਜਿਲਾ ਬਠਿੰਡਾ।
ਪੱਤਰ ਨੰ:ਸਸਅ/ਐਮ.ਆਈ.ਐਸ./2018/151 ਮਿਤੀ 04-04-2018

**ਵਿਸ਼ਾ:- ਈ-ਪੰਜਾਬ ਵੈੱਬ ਪੋਰਟਲ ਤੇ ਨਵੇ ਸੈਸਨ ਲਈ ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨ ਸਬੰਧੀ ।**

ਉਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਨਵੇ ਸੈਸ਼ਨ ਦੇ ਆਰੰਭ ਹੋਣ ਕਰਕੇ ਈ-ਪੰਜਾਬ ਵੈਬ ਪੋਰਟਲ ਤੇ ਵਿਦਿਆਰਥੀਆਂ ਦਾ ਡਾਟਾ ਅਪਡੇਟ ਕੀਤਾ ਜਾਣਾ ਹੈ। ਇਸ ਸਬੰਧੀ ਮੁੱਖ ਦਫਤਰ ਤੋ ਪ੍ਰਾਪਤ ਜਾਣਕਾਰੀ ਮੁਤਾਬਿਕ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀ ਜਾਂਦੀਆ ਹਨ।

1) ਮੁੱਖ ਦਫਤਰ ਵੱਲੋ ਸੈਸ਼ਨ ਅਪਡੇਟ ਕਰਨ ਤੇ ਈ-ਪੰਜਾਬ ਵੈਬ ਪੋਰਟਲ ਉਤੇ ਇਸ ਸਮੇ ਕਿਸੇ ਵੀ ਕਲਾਸ ਵਿੱਚ ਕੋਈ ਵੀ ਵਿਦਿਆਰਥੀ ਨਹੀ ਹੈ। ਸੋ ਜਿੰਨਾਂ ਵਿਦਿਆਰਥੀਆ ਦੇ ਦਾਖਲੇ "ਦਾਖਲਾ ਖਾਰਜ ਰਜਿਸਟਰ" ਅਨੁਸਾਰ ਹੋ ਗਏ ਹਨ ਉਹਨਾਂ ਵਿਦਿਆਰਥੀਆਂ ਨੂੰ ਸਕੂਲ ਦੇ ਈ-ਪੰਜਾਬ ਅਕਾਂਉਟ ਵਿਚ Student ਮੋਡਿਊਲ ਵਿੱਚ "Promote to Next Class" ਲਿੰਕ ਤੇ ਜਾ ਕੇ Promote ਐਕਸ਼ਨ ਨਾਲ ਅਗਲੀ ਕਲਾਸ ਵਿੱਚ ਸ਼ਿਫਟ ਕਰ ਦਿੱਤਾ ਜਾਵੇ।

2) ਜੋ ਵਿਦਿਆਰਥੀ ਫੇਲ ਹੋਣ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਨਵੇ ਸੈਸਨ ਵਿੱਚ ਵੀ ਉਸੇ ਕਲਾਸ ਵਿੱਚ ਦੁਬਾਰਾ ਦਾਖਲ ਹੋਏ ਹਨ, ਉਹਨਾਂ ਨੂੰ Retain in Same Class ਆਪਸ਼ਨ ਨਾਲ ਮੌਜੂਦਾ ਕਲਾਸ ਵਿੱਚ ਹੀ ਸ਼ਿਫਟ ਕਰ ਦਿੱਤਾ ਜਾਵੇ।

3) ਜੇਕਰ ਕਿਸੇ ਵਿਦਿਆਰਥੀ ਨੇ ਅਜੇ ਤੱਕ ਦਾਖਲਾ ਨਹੀ ਲਿਆ ਤਾਂ ਅਜਿਹੇ ਵਿਦਿਆਰਥੀਆਂ ਨੂੰ ਨਾ ਤਾ Promote ਕੀਤਾ ਜਾਵੇ ਅਤੇ ਨਾ ਹੀ Retain ਕੀਤਾ ਜਾਵੇ ਕਿਉਕਿ ਜਦ ਵੀ ਅਜਿਹੇ ਵਿਦਿਆਰਥੀ ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣਗੇ ਤਾਂ ਸਬੰਧਤ ਸਕੂਲ ਅਪਣੇ ਆਪ ਇਹਨਾਂ ਵਿਦਿਆਰਥੀਆਂ ਦਾ ਡਾਟਾ Fetch ਕਰ ਸਕੇਗਾ। ਇੰਜ ਹੀ ਸਕੂਲ ਦੀ ਆਖਰੀ ਕਲਾਸ (ਪ੍ਰਾਇਮਰੀ ਸਕੂਲ ਦੀ 5ਵੀ, ਮਿਡਲ ਸਕੂਲ ਦੀ 8ਵੀਂ, ਹਾਈ ਸਕੂਲ ਦੀ 10ਵੀਂ ਅਤੇ ਸੀ.ਸੈ. ਸਕੂਲ ਦੀ 12ਵੀਂ) ਦੇ ਵਿਦਿਆਰਥੀਆਂ ਦੇ ਡਾਟਾ ਬਾਰੇ ਕੋਈ ਐਕਸ਼ਨ (Promote ਜਾਂ Retain in same class) ਨਾ ਲਿਆ ਜਾਵੇ।

**4) ਜੇਕਰ ਕਿਸੇ ਡਾਟਾ ਵਿੱਚ ਦਰੁਸਤੀ ਦੀ ਜਰੂਰਤ ਹੋਵੇ ਤਾਂ ਹਰ ਮਹੀਨੇ ਦੀ 1 ਤਰੀਕ ਤੋ 10 ਤਰੀਕ ਤੱਕ ਸਬੰਧਤ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨੂੰ ਮੈਜੇਜ ਕਰਕੇ ਡਾਟਾ ਡਿਸਅਪਰੂਵ ਕਰਵਾ ਲਿਆ ਜਾਵੇ ਪਰੰਤੂ ਸਰਕਾਰੀ ਸਕੂਲ ਹਰ ਮਹੀਨੇ ਈ-ਪੰਜਾਬ ਦੇ ਸਮੁੱਚੇ ਡਾਟਾ ਸਬੰਧੀ ਈ-ਸਰਟੀਫਿਕੇਟ ਦੇਣਾ ਯਕੀਨੀ ਬਣਾਉਣ।**

**ਨੋਟ:- ਈ-ਪੰਜਾਬ ਵੈਬ ਪੋਰਟਲ ਤੇ ਵਿਦਿਆਰਥੀਆਂ ਦੇ ਆਧਾਰ ਨੰਬਰ 100% ਅਪਡੇਟ ਹੋਣੇ ਜਰੂਰੀ ਹਨ। ਜਿੰਨਾ ਵਿਦਿਆਰਥੀਆਂ ਦੇ ਆਧਾਰ ਕਾਰਡ 15 ਸਾਲ ਦੀ ਉਮਰ ਤੋਂ ਪਹਿਲਾਂ ਬਣੇ ਹਨ ਉਹਨਾਂ ਦੇ ਅਧਾਰ ਕਾਰਡ ਅਪਡੇਟ ਕਰਵਾਏ ਜਾਣ।**

**ਸਮੁੱਚਾ ਕੰਮ 10 ਅਪ੍ਰੈਲ 2018 ਤੱਕ ਮੁਕੰਮਲ ਕਰ ਲਿਆ ਜਾਵੇ।**

ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.),
ਬਠਿੰਡਾ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.),
ਬਠਿੰਡਾ।